بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.08.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਸਚੱਾ ਨਬੀ ਮੰਨਿਆ ਹੈ ਤਾਂ ਫਿਰ ਆਪ ਦਾ ਹਰ ਕਰਮ ਸਾਡੇ ਲਈ ਜੀਵਨ ਸ਼ੈਲੀ ਹੈ

ਇਬਾਦਤਾਂ ਦੇ ਨਾਲ ਨਾਲ ਆਪ ਦੇ ਉਤੱਮ ਅਖ਼ਲਾਕ ਸਾਡੇ ਲਈ ਨਮੂਨਾ ਹਨ

---------------------

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਤੇ ਪਿਆਰ ਕੇਵਲ ਮੂੰਹੋ ਦਾਵਾ ਨ ਹੋਵੇ, ਕੇਵਲ ਉਸ ਦੇ ਨਾਰੇ ਨ ਲਾਏ ਜਾਣ, ਸਗੋਂ ਉਸ ਦੇ ਇਸ਼ਕ ਤੇ ਪ੍ਰੇਮ ਦਾ ਪ੍ਰਦਰਸ਼ਨ ਆਪ ਦੀ ਜੀਵਨ ਸ਼ੈਲੀ ਨੂੰ ਅਪਣਾਕੇ ਹੋਣਾ ਚਾਹੀਦਾ ਹੈ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਅਗਸਤ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਸੀਂ ਅੱਜ ਜਲਸੇ ਵਿੱਚ ਸ਼ਾਮਲ ਹੋਣ ਲਈ ਇਕਤੱਰ ਹੋਏ ਹਾਂ । ਜਿਵੇਂ ਕਿ ਹਰ ਅਹਮਦੀ ਜਾਣਦਾ ਹੈ ਕਿ ਸਾਡਾ ਏਥੇ ਜਲਸੇ ਲਈ ਇਕਤੱਰ ਹੋਣਾ ਕਿਸੇ ਸੰਸਾਰਕ ਰੌਲ੍ਹੇ ਰੱਪੇ ਜਾਂ ਸੰਸਾਰਕ ਉਦੇਸ਼ ਲਈ ਨਹੀਂ ਹੈ ਸਗੋਂ ਇਸ ਲਈ ਹੈ ਕਿ ਏਥੋਂ ਦੇ ਰੂਹਾਨੀ ਪ੍ਰੋਗਰਾਮਾ ਵਿੱਚ ਸ਼ਾਮਲ ਹੋਕੇ ਇਕ ਰੂਹਾਨੀ ਵਾਤਾਵਰਣ ਵਿੱਚ ਰਹਿ ਕੇ ਆਪਣੀ ਆਤਮਕਤਾ ਨੂੰ ਵਧਾਈਏ ਅਪਣੀ ਬੌਧਕ ਸ਼ਕਤੀਆਂ ਨੂੰ ਵਧਾਈਏ, ਆਪਣੀ ਆਸਥਾ (ਵਿਸ਼ਵਾਸ) ਦੀ ਅਵਸਥਾ ਨੂੰ ਹੋਰ ਵਧੇਰੇ ਬਿਹਤਰ ਬਣਾਈਏ, ਆਪਣੀ ਕਰਮ ਰੂਪੀ ਅਵਸਥਾ ਨੂੰ ਹੋਰ ਵਧੇਰੇ ਨਿਖਾਰੀਏ, ਰੱਬ ਦਾ 'ਤਕਵਾ' (ਸੰਜਮਤਾ) ਧਾਰਣ ਕਰੀਏ ਅਤੇ ਰੱਬ ਦੇ ਹੱਕ ਅਤੇ ਉਸ ਦੇ ਬੰਦਿਆਂ ਦੇ ਹੱਕ ਪੂਰੇ ਕਰੀਏ । ਸੋ, ਆਪਣੇ ਇਸ ਉਦੇਸ਼ ਨੂੰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਇਸ ਜਲਸੇ ਵਿੱਚ ਸ਼ਾਮਲ ਹੋਣ ਦਾ ਸਾਡਾ ਉਦੇਸ਼ ਕੀ ਹੈ ।

ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਹਵਾਲੇ ਪੇਸ਼ ਕਰਾਂਗਾ । ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਅਕੀਦਿਆਂ (ਆਸਥਾਵਾਂ) ਦਾ ਪ੍ਰਭਾਵ ਕਰਮਾਂ'ਤੇ ਵੀ ਹੁੰਦਾ ਹੈ ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਫ਼ਰਮਾਉਂਦੇ ਹਨ ਕਿ ਇਸਲਾਮ ਦੇ ਦੋ ਭਾਗ ਹਨ ਇਕ ਤਾਂ ਇਹ ਕਿ ਰੱਬ ਨਾਲ ਕਿਸੇ ਨੂੰ ਸ਼ਰੀਕ ਨ ਬਣਾਇਆ ਜਾਵੇ ਅਤੇ ਉਸ ਦੇ ਉਪਕਾਰਾਂ ਬਦਲੇ ਉਸਦੀ ਪੂਰੀ ਅਗਿਆਕਾਰੀ ਕੀਤੀ ਜਾਵੇ । ਦੂਜਾ ਭਾਗ ਇਹ ਹੈ ਕਿ ਮਖ਼ਲੂਕ ਦੇ ਹੱਕਾਂ ਦੀ ਸ਼ਨਾਖ਼ਤ ਕਰਕੇ ਜਿੱਥੋਂ ਤੱਕ ਹੋ ਸਕੇ ਉਸ ਨੂੰ ਪੂਰਾ ਕੀਤਾ ਜਾਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਜੋ ਇਨਸਾਨ (ਮਨੁੱਖ) ਸੱਚੀ ਅਤੇ ਅਵਗੁਣ ਰਹਿਤ ਆਸਥਾ ਧਾਰਣ ਕਰਦਾ ਹੈ ਅਤੇ ਰੱਬ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਣਾਉਂਦਾ ਤਾਂ ਉਸ ਦੇ ਕਰਮ ਆਪਣੇ ਆਪ ਹੀ ਚੰਗੇ ਪ੍ਰਕਟ ਹੁੰਦੇ ਹਨ ਅਤੇ ਇਹੋ ਕਾਰਣ ਹੈ ਕਿ ਜੱਦ ਮੁਸਲਮਾਨਾ ਨੇ ਸੱਚੇ ਅਕੀਦੇ ਛੱਡ ਦਿੱਤੇ ਤਾਂ ਅਖੀਰ 'ਦਜੱਾਲ' (ਮਸੀਹੀਆਂ) ਨੂੰ ਰੱਬ ਮੰਨ੍ਹਣ ਲੱਗ ਪਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਦੁਨੀਆਂ ਵਿੱਚ ਅਸੀਂ ਦੇਖਦੇ ਹਾਂ ਕਿ ਵੱਡੀਆਂ ਵੱਡੀਆਂ ਸਰਕਾਰਾਂ ਵੀ ਮਹਾਸ਼ਕਤੀਆਂ ਨੂੰ ਰੱਬ ਮੰਨ੍ਹਣ ਲੱਗ ਗਈਆਂ ਹਨ, ਉਹਨਾਂ ਦੀ ਝੋਲੀ ਵਿੱਚ ਪੈਣ ਲੱਗ ਪਈਆਂ ਹਨ ਅਤੇ ਇਹ ਸਾਨੂੰ ਹਰ ਥਾਂ ਦਿਖਾਈ ਦਿੰਦਾ ਹੈ । ਲੋਕਾਂ ਤੋਂ ਲੈਕੇ ਮੁਸਲਮਾਨ ਹੁਕੂਮਤਾਂ ਤੱਕ ਦਾ ਇਹੋ ਹਾਲ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਨੇ ਮੈਂਨੂੰ ਵਾਰ ਵਾਰ ਕਿਹਾ ਹੈ ਕਿ (اَلْخَيْرُ كُلُّهٗ فِى الْقُرْآنِ) 'ਅਲਖ਼ੈਰੁ ਕੁਲੁੱਹੂ ਫ਼ਿਲ ਕੁਰਆਨ' ਇਸ ਦੀ ਸਿੱਖਿਆ ਹੈ ਕਿ ਰੱਬ ਇਕ ਹੈ ਉਸ ਦਾ ਕੋਈ ਸ਼ਰੀਕ ਨਹੀਂ, ਜੋ ਕੁਰਆਨ ਕਰੀਮ ਨੇ ਕਿਹਾ ਉਹ ਪੂਰਨਤਾ ਸੱਚ ਹੈ । ਸਾਰੀਆਂ ਭਲਾਈਆਂ ਕੁਰਆਨ ਕਰੀਮ ਵਿੱਚ ਹਨ, ਤਲਾਸ਼ ਕਰੋ ਅਤੇ ਰੱਬ ਦੀ ਇਬਾਦਤ ਕਰੋ, ਉਸ ਦੇ ਹੱਕ ਪੂਰੇ ਕਰੋ ਅਤੇ ਜੋ ਉਸਦੇ ਬੰਦਿਆਂ ਦੇ ਹੱਕ ਹਨ ਉਹਨਾਂ ਨੂੰ ਵੀ ਪੂਰਾ ਕਰੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਸ ਜਮਾਤ ਦੀ ਸਥਾਪਨਾ ਦਾ ਉਦੇਸ਼ ਹੀ ਇਹ ਹੈ ਕਿ ਰੱਬ ਦੀ ਮਆਰਫ਼ਤ ਹਾਸਲ ਹੋਵੇ ਅਤੇ ਦੁਆ ਤੇ ਇਬਾਦਤ ਦੀ ਵਾਸਤਵਿਕਤਾ ਦਾ ਗਿਆਨ ਹੋਵੇ । ਆਪ ਫ਼ਰਮਾਉਂਦੇ ਹਨ ਕਿ ਜਿਵੇਂ ਪਹਿਲਾ ਮਨੁੱਖ ਕੇਵਲ ਦੁਆ ਕਰਦਾ ਹੈ ਜਤਨ ਨਹੀਂ ਕਰਦਾ ਉਹ ਗਲਤੀ'ਤੇ ਹੈ ਇਸੇ ਪ੍ਰਕਾਰ ਦੂਜਾ ਜੋ ਜਤਨਾ ਨੂੰ ਬਹੁਤ ਸਮਝਦਾ ਹੈ ਉਹ ਨਾਸਤਿਕ ਹੈ, ਪਰ ਜਤਨ ਤੇ ਦੁਆ ਨੂੰ ਮਿਲਾ ਦੇਣਾ ਇਸਲਾਮ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਮ ਫ਼ਰਮਾਉਂਦੇ ਹਨ : ਗੁਨਾਹ (ਪਾਪ) ਤੇ ਗ਼ਫ਼ਲਤ ਤੋਂ ਬਚਣ ਲਈ ਐਨ੍ਹੇ ਜਤਨ ਕਰੇ ਜੋ ਜਤਨਾ ਦਾ ਹੱਕ ਹੈ ਅਤੇ ਐਨ੍ਹੀ ਦੁਆ ਕਰੇ ਜੋ ਦੁਆ ਦਾ ਹੱਕ ਹੈ । ਇਸੇ ਲਈ ਕੁਰਆਨ ਕਰੀਮ ਦੀ ਪਹਿਲੀ ਹੀ ਸੂਰਤ ਫ਼ਾਤਿਹਾ ਵਿੱਚ ਇਹਨਾਂ ਦੋਹਾਂ ਚੀਜਾਂ ਨੂੰ ਸੰਮੁੱਖ ਰਖੱਕੇ ਫ਼ਰਮਾਇਆ ਹੈ ਕਿ ਜੋ ਮੋਮਿਨ (إِيَّاكَ نَعْبُدُ) 'ਇਯੱਾਕਾ ਨਾਬੁਦੁ' ਕਹਿੰਦਾ ਹੈ ਕਿ ਅਸੀਂ ਤੇਰੀ ਹੀ ਇਬਾਦਤ ਕਰਦੇ ਹਾਂ ਤਾਂ ਝਬਦੇ ਹੀ ਉਸ ਦੇ ਮਨ ਵਿੱਚ ਇਹ ਵਿਚਾਰ ਲੰਘਦਾ ਹੈ, (وَإِيَّاكَ نَسْتَعِينُ) 'ਵ ਇਯੱਾਕਾ ਨਸਤਾਈਨ' ਕਿ ਮਦਦ ਵੀ ਤੇਥੋਂ ਹੀ ਚਾਹੁੰਦੇ ਹਾਂ । ਇਹ ਇਕ ਨਾਜ਼ੁਕ ਮਸਲਾ ਹੈ ਜਿਸ ਨੂੰ ਇਸਲਾਮ ਤੋਂ ਬਿਨਾ ਕਿਸੇ ਹੋਰ ਧਰਮ ਨੇ ਨਹੀਂ ਸਮਝਿਆ । ਪਰ ਇਸ ਯੁੱਗ ਵਿਚ ਮੈਂ ਦੇਖਦਾ ਹਾਂ ਕਿ ਲੋਕਾਂ ਦੀ ਇਹ ਹਾਲਤ ਹੋ ਰਹੀ ਹੈ ਕਿ ਉਹ ਜਤਨ ਤਾਂ ਕਰਦੇ ਹਨ ਪਰ ਦੁਆ ਤੋਂ ਗ਼ਫ਼ਲਤ ਕੀਤੀ ਜਾਂਦੀ ਹੈ ਸਗੋਂ ਸਬਬ ਪ੍ਰਸਤੀ ਵਿੱਚ ਐਨ੍ਹੇ ਵੱਧ ਗਏ ਹਨ ਕਿ ਜਤਨਾਂ (ਤਦਬੀਰਾਂ) ਨੂੰ ਹੀ ਰੱਬ ਬਣਾ ਲਿਆ ਹੈ ਅਤੇ ਦੁਆ'ਤੇ ਹਾਸਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਇਕ ਵਿਅਰਥ ਚੀਜ ਕਰਾਰ ਦਿੱਤਾ ਜਾਂਦਾ ਹੈ । ਇਹ ਸਾਰਾ ਪ੍ਰਭਾਵ ਯੂਰੋਪ ਦੀ ਨਕਲ ਕਾਰਣ ਹੋਇਆ ਹੈ । ਇਹ ਖ਼ਤਰਨਾਕ ਵਿਸ਼ ਹੈ ਜੋ ਦੁਨੀਆ ਵਿੱਚ ਫੈਲ ਰਿਹਾ ਹੈ । ਪਰ ਰੱਬ ਚਾਹੁੰਦਾ ਹੈ ਕਿ ਇਸ ਮਾਰੂ ਵਿਸ਼ ਨੂੰ ਦੂਰ ਕਰੇ, ਇਸ ਲਈ ਇਹ ਜਮਾਤ ਉਸ ਨੇ ਕਾਇਮ ਕੀਤੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਾਰੇ ਲੋਕ ਚੇਤੇ ਰੱਖੋ ਕਿ ਰਸਮੀ ਤੌਰ 'ਤੇ ਬੈਅਤ ਵਿੱਚ ਦਾਖ਼ਲ ਹੋਣਾ ਜਾਂ ਮੈਨੂੰ ਇਮਾਮ ਸਮਝ ਲੈਣਾ, ਐਨ੍ਹੀ ਹੀ ਗੱਲ ਮੁਕਤੀ ਲਈ ਉਕੱ ਹੀ ਬਹੁਤ ਨਹੀਂ ਹੈ ਕਿਉਂਕਿ ਰੱਬ ਤਾਂ ਦਿਲਾਂ ਨੂੰ ਦੇਖਦਾ ਹੈ ਉਹ ਨਿਰੀਆਂ ਮੂੰਹ ਦੀਆਂ ਗੱਲਾਂ ਨਹੀਂ ਦੇਖਦਾ । ਫ਼ਰਮਾਇਆ ਮੁਕਤੀ ਵਾਸਤੇ ਜਿਵੇਂ ਕਿ ਰੱਬ ਨੇ ਵਾਰ ਵਾਰ ਫ਼ਰਮਾਇਆ ਹੈ ਉਹੋ ਜ਼ਰੂਰੀ ਹੈ ਅਤੇ ਉਹ ਇਹ ਹੈ ਕਿ ਪਹਿਲਾਂ ਸੱਚੇ ਮਨ ਨਾਲ ਰੱਬ ਨੂੰ ਇੱਕੋ ਇਕ ਮੰਨ੍ਹੇ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮਕ ਨੂੰ ਸਚੱਾ ਨਬੀ ਯਕੀਨ ਕਰੇ ਅਤੇ ਕੁਰਆਨ ਕਰੀਮ ਨੂੰ ਰੱਬ ਦੀ ਕਿਤਾਬ ਸਮਝੇ ਕਿ ਉਹ ਅਜਿਹੀ ਕਿਤਾਬ ਹੈ ਕਿ ਕਿਯਾਮਤ (ਪਰਲੈ) ਤੱਕ ਹੁਣ ਹੋਰ ਕੋਈ ਕਿਤਾਬ ਜਾਂ ਸ਼ਰੀਅਤ ਨਹੀਂ ਆਏਗੀ ।

ਬਹੁਤ ਲੋਕ ਹਨ ਜੋ ਇਹ ਇਤਰਾਜ਼ ਕਰਦੇ ਹਨ ਕਿ ਇਸ ਜਮਾਤ ਦੀ ਲੋੜ ਕੀ ਹੈ । ਨਵੀਂ ਜਮਾਤ ਕਾਇਮ ਕਰ ਦਿੱਤੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਣਕੇ, ਕੀ ਲੋੜ ਸੀ ? ਫ਼ਰਮਾਉਂਦੇ ਹਨ ਕਿ ਕਿਉਂਕਿ ਇਮਾਨੀ ਅਵਸਥਾ ਕਮਜ਼ੋਰ ਹੁੰਦਿਆਂ ਹੁੰਦਿਆਂ ਏਥੋਂ ਤੱਕ ਪਹੁੰਚ ਗਈ ਹੈ ਕਿ ਇਮਾਨੀ ਤਾਕਤ ਉਕੱ ਹੀ ਗੁੰਮ ਹੋ ਗਈ ਹੈ ਅਤੇ ਰੱਬ ਚਾਹੁੰਦਾ ਹੈ ਕਿ ਵਾਸਤਵਿਕ ਇਮਾਨ ਦੀ ਰੂਹ (ਆਤਮਾ) ਪਾਵੇ ਜੋ ਇਸ ਜਮਾਤ ਰਾਹੀਂ ਉਸ ਨੇ ਚਾਹੀ ਹੈ ਅਜਿਹੀ ਅਵਸਥਾ ਵਿੱਚ ਲੋਕਾਂ ਦਾ ਇਤਰਾਜ਼ ਅਕਾਰਣ ਤੇ ਵਿਅਰਥ ਹੈ । ਸੋ, ਚੇਤੇ ਰੱਖੋ ਕਿ ਅਜਿਹਾ ਭਰਮ ਕਦੇ ਵੀ ਕਿਸੇ ਦੇ ਮਨ ਵਿੱਚ ਨਹੀਂ ਆਉਣਾ ਚਾਹੀਦਾ ਅਤੇ ਜੇਕਰ ਪੂਰੇ ਧਿਆਨ ਤੇ ਗ਼ੌਰ ਨਾਲ ਕੰਮ ਲਿਆ ਜਾਵੇ ਤਾਂ ਇਹ ਭਰਮ ਆ ਹੀ ਨਹੀਂ ਸਕਦਾ । ਅਸੀਂ ਵਾਸਤਵਿਕ ਸ਼ਾਂਤੀ ਪੈਦਾ ਕਰਨਾ ਚਾਹੁੰਦੇ ਹਾਂ ਜੋ ਮਨੁੱਖ ਨੂੰ ਪਾਪ ਦੀ ਮੌਤ ਤੋਂ ਬਚਾ ਲੈਂਦਾ ਹੈ ਅਤੇ ਇਹਨਾ ਰੀਤੀਆਂ ਤੇ ਆਦਤਾਂ ਦੇ ਪੈਰੋਕਾਰਾਂ ਵਿੱਚ ਉਹ ਗਲੱਾਂ ਨਹੀਂ, ਉਹਨਾਂ ਦੀ ਨਜ਼ਰ ਪ੍ਰਕਟ'ਤੇ ਹੈ ਵਾਸਤਵਿਕਤਾ ਉਪੱਰ ਨਹੀਂ, ਉਹਨਾਂ ਦੇ ਹੱਥਾਂ ਵਿੱਚ ਛਿਲਕਾ ਹੈ ਜਿਸ ਵਿੱਚ ਮਗ਼ਜ਼ ਨਹੀਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜੱਦ ਆਪ ਦੇ ਪ੍ਰਕਟ ਹੋਣ ਦਾ ਉਦੇਸ਼ ਰੱਬ ਨਾਲ ਵਾਸਤਵਿਕ ਸੰਬੰਧ ਪੈਦਾ ਕਰਾਉਂਣਾ ਹੈ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਵੱਡਿਆਈ ਦੀ ਪਛਾਣ ਕਰਾਉਣਾ ਹੈ ਕੁਰਆਨ ਕਰੀਮ ਦੀ ਹੁਕੂਮਤ (ਰਾਜ) ਨੂੰ ਆਪਣੇ ਉਪੱਰ ਲਾਗੂ ਕਰਵਾਉਣਾ ਹੈ ਤਾਂ ਅਸੀਂ ਜੋ ਆਪ ਦੇ ਮੰਨ੍ਹਣ ਵਾਲੇ ਹਨ ਸਾਨੂੰ ਆਪਣੀਆਂ ਆਸਥਾਵਾਂ ਤੇ ਕਰਮ ਰੂਪੀ ਅਵਸਥਾਵਾਂ ਦਾ ਸੁਧਾਰ ਵੀ ਉਸ ਅਨੁਸਾਰ ਕਰਨਾ ਚਾਹੀਦਾ ਹੈ। ਫਿਰ ਸਾਨੂੰ ਇਹ ਦੇਖਣਾ ਹੋਵੇਗਾ ਕਿ ਕੀ ਸਾਡੀ ਬੈਅਤ ਵਾਸਤਵਿਕ ਰੂਪ ਲਏ ਹੋਏ ਹੈ ਜਾਂ ਕੇਵਲ ਜ਼ੁਬਾਨੀ (ਮੂੰਹੋਂ) ਗਲੱਾਂ ਹੀ ਹਨ । ਕੀ ਸਾਡੀਆਂ ਇਬਾਦਤਾਂ ਰੱਬ ਨੂੰ ਇੱਕੋ ਇਕ ਸਮਝਦਿਆਂ ਹੋਇਆਂ ਉਸ ਲਈ ਹਨ ਜਾਂ ਨਹੀਂ । ਬਹੁਤ ਸਾਰੇ ਅਹਮਦੀਆਂ ਵਿੱਚ ਵੀ ਅਜਿਹੇ ਹਨ ਕਿ ਪੰਜ ਵੇਲੇ ਨਮਾਜ਼ਾਂ ਨਹੀਂ ਪੜ੍ਹਦੇ ਅਤੇ ਮਿਲਣ ਸਮੇਂ ਮੈਨੂੰ ਵੀ ਕਹਿ ਦਿੰਦੇ ਹਨ ਕਿ ਦੁਆ ਕਰੋ ਕਿ ਅਸੀਂ ਪੜ੍ਹਿਆ ਕਰੀਏ ਹਾਲਾਂਕਿ ਇਹ ਤਾਂ ਇਕ ਬੁਨਿਆਦੀ ਚੀਜ਼ ਹੈ ਜੋ ਹਰ ਅਹਮਦੀ ਦਾ ਫ਼ਰਜ਼ ਹੈ, ਹਰ ਮੋਮਿਨ ਦਾ ਕਰਤਵ ਹੈ, ਹਰ ਮੁਸਲਮਾਨ ਦਾ ਫ਼ਰਜ਼ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਨਲਮ ਦੀ ਬੈਅਤ ਵਿੱਚ ਆਉਣ ਦੇ ਬਾਦ ਤਾਂ ਇਕ ਦਿਲੀ ਚਾਉ ਤੇ ਆਨੰਦ ਨਾਲ ਨਮਾਜ਼ਾਂ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ, ਨ ਕਿ ਇਹ ਨਮਾਜ਼ਾਂ ਪੂਰੀਆਂ ਨ ਪੜ੍ਹੀਆਂ ਜਾਣ ਅਤੇ ਅੱਗੋਂ ਇਹ ਕਹਿ ਦਿਤੱਾ ਕਿ ਦੁਆ ਕਰਨ ਕਿ ਅਸੀਂ ਨਮਾਜ਼ਾਂ ਪੜ੍ਹ ਲਈਏ । ਜੱਦ ਆਪ ਅਹਿਸਾਸ ਹੈ ਕਿ ਨਮਾਜ਼ਾਂ ਨਹੀਂ ਪੜ੍ਹਦੇ ਤਾਂ ਫਿਰ ਕੋਈ ਤਦਬੀਰ (ਵਿਉਂਤ) ਕਰਨੀ ਪਏਗੀ, ਆਪ ਜਤਨ ਕਰਨਾ ਪਏਗਾ । ਆਪ ਖ਼ੁਦ ਜਤਨ ਤੇ ਦੁਆ ਕਿਉਂ ਨਹੀਂ ਕਰਦੇ । (إِيَّاكَ نَعْبُدُ وَإِيَّاكَ نَسْتَعِينُ) 'ਇਯੱਾਕਾ ਨਾਬੁਦੁ ਵ

ਇਯਯਾਕਾ ਨਸਤਾਈਨ' ਜੱਦ ਕਹਿੰਦੇ ਹਨ ਤਾਂ ਕੇਵਲ ਮੂੰਹ ਨਾਲ ਕਹਿਣ ਦੇ ਥਾਂ ਇਹਨਾਂ ਸ਼ਬਦਾਂ ਨੂੰ ਦਿਲ ਦੀ ਡੂੰਘਿਆਈ ਨਾਲ ਦਹੁਰਾਉਦਿਆ ਇਸ ਉਪੱਰ ਅਮਲ ਕਿਉਂ ਨਹੀਂ ਕਰਦੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਸਚੱਾ ਨਬੀ ਮੰਨ੍ਹਿਆ ਹੈ ਤਾਂ ਫਿਰ ਆਪ ਦਾ ਹਰ ਅਮਲ ਸਾਡੇ ਲਈ ਜੀਵਨ ਸ਼ੈਲੀ ਹੈ । ਇਬਾਦਤਾਂ ਦੇ ਨਾਲ ਨਾਲ ਆਪ ਦੇ ਆਲਾ ਅਖ਼ਲਾਕ ਸਾਡੇ ਲਈ ਨਮੂਨਾ ਹਨ । ਸਮਾਜਕ ਸੰਬੰਧ ਹਨ, ਪਰਿਵਾਰਕ ਸੰਬੰਧ ਹਨ, ਪਤਨੀਆਂ ਨਾਲ ਉਤੱਮ ਅਖ਼ਲਾਕ (ਆਚਰਣ) ਦਾ ਨਮੂਨਾ ਆਪ ਨੇ ਪੇਸ਼ ਕੀਤਾ ਸਾਡੇ ਲਈ, ਪਰੰਤੂ ਬਹੁਤ ਸਾਰੇ ਅਜਿਹੇ ਘਰ ਹਨ ਜੋ ਘਰਾਂ ਵਿੱਚ ਫ਼ਸਾਦ ਪੈਦਾ ਕਰਦੇ ਹਨ, ਉਹਨਾਂ ਦੇ ਜਜ਼ਬਾਤ (ਭਾਵਨਾਵਾਂ) ਦਾ ਖ਼ਿਆਲ ਰਖੱਣਾ ਆਪ ਨੇ ਸਾਨੂੰ ਸਿਖਾਇਆ ਬੱਚਿਆਂ ਨਾਲ ਪ੍ਰੇਮ ਨਾਲ ਪੇਸ਼ ਆਉਣਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸਾਨੂੰ ਸਿਖਾਇਆ । ਦੂਜਿਆਂ ਦੀ ਸਾਧਾਰਣ ਭਾਵਨਾਵਾਂ ਦਾ ਖ਼ਿਆਲ ਰਖੱਣਾ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਸਿਖਾਇਆ, ਲੜਾਈ ਝਗੜਿਆਂ ਤੋਂ ਬਚਣਾ ਆਪ ਨੇ ਸਾਨੂੰ ਇਸ ਦੀ ਤਲਕੀਨ ਕੀਤੀ ਅਤੇ ਸਾਨੂੰ ਸਿਖਾਇਆ ਅਤੇ ਆਪਣੇ ਅਮਲ ਦਿਖਾਏ । ਅਮਾਨਤ ਵਿੱਚ ਖ਼ਿਆਨਤ (ਇਮਾਨਦਾਰੀ ਵਿੱਚ ਬੇਈਮਾਨੀ) ਨ ਕਰਨਾ ਇਸ ਦੇ ਤਾਂ ਕਰੜੇ ਨਿਰਦੇਸ਼ ਦਿੱਤੇ ਇਸਲਾਮ ਦੀ ਸਿੱਖਿਆ ਵਿੱਚ ਵੀ ਹੈ ਅਤੇ ਆਪ ਨੇ ਕਰਕੇ ਵੀ ਦਿਖਾਇਆ ਸਾਨੂੰ, ਜਿਸ ਪ੍ਰਕਾਰ ਦੀ ਵੀ ਅਵਸਥਾ ਹੋਵੇ ਵਿਨਮ੍ਰਤਾ ਤੇ ਆਜਜ਼ੀ ਦਿਖਾਉਣਾ ਸਚੱਾਈ ਦੇ ਉਤੱਮ ਮਿਆਰ ਸਥਾਪਨ ਕਰਨਾ ਅਤੇ ਹੋਰ ਕਿਹੜਾ ਅਜਿਹਾ ਆਚਰਣ ਹੈ ਜਿਸ ਦਾ ਉਦਗਮ (ਮੇਰਾਜ) ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵਿੱਚ ਦਿਖਾਈ ਨਹੀਂ ਦਿੰਦਾ । ਜੇਕਰ ਅਸੀਂ ਵਾਸਤਵ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਸਚੱਾ ਨਬੀ ਮੰਨ੍ਹਦੇ ਹਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਆਪ ਦੀ ਗ਼ੁਲਾਮੀ ਵਿੱਚ ਭੇਜਿਆ ਹੋਇਆ ਵਰਤਮਾਨ ਸਮੇਂ ਦਾ ਇਮਾਮ ਸਮਝਦੇ ਹਾਂ ਤਾਂ ਫਿਰ ਆਪਣੇ ਅਮਲਾਂ ਨੂੰ ਵੀ ਆਪਣੀਆਂ ਇਬਾਦਤਾਂ ਦੇ ਮਿਆਰਾਂ ਨੂੰ ਵੀ ਸਾਨੂੰ ਬੁਲੰਦ ਕਰਨਾ ਹੋਵੇਗਾ । ਕੁਰਆਨ ਕਰੀਮ ਦੇ ਆਦੇਸ਼ਾਂ ਨੂੰ ਦੇਖ ਕੇ ਉਸ ਦੇ ਅਗੇਤਰ ਪਿਛੇਤਰ ਨੂੰ ਦੇਖਕੇ ਸਾਨੂੰ ਜਾਇਜ਼ਾ ਲੈਂਣਾ ਹੋਵੇਗਾ ਕਿ ਕਿਹੜੀਆਂ ਕਿਹੜੀਆਂ ਨੇਕ ਗਲੱਾਂ ਨੂੰ ਅਸੀਂ ਕਰਨ ਵਾਲੇ ਹਨ ਅਤੇ ਕਿਹੜੀਆਂ ਕਿਹੜੀਆਂ ਅਸੀਂ ਨਹੀਂ ਕਰ ਰਹੇ । ਕਿਹੜੀਆਂ ਬੁਰਾਈਆਂ ਨੂੰ ਅਸੀਂ ਛੱਡ ਰਹੇ ਹਾਂ ਅਤੇ ਕਿਨ੍ਹਾਂ ਨੂੰ ਅਸੀਂ ਨਹੀਂ ਛੱਡ ਰਹੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਸਥਾਨ ਤੇ ਦਾਵੇ ਨੂੰ ਸਹੀ ਢੰਗ ਨਾਲ ਪਛਾਨਣ ਦੀ ਲੋੜ ਹੈ ।

ਸੋ, ਇਹ ਜਮਾਨਾ ਜੋ ਦੁਨੀਆਂ ਨੂੰ ਰੱਬ ਤੋਂ ਦੂਰ ਲੈ ਗਿਆ ਹੈ ਅਤੇ ਤਰੱਕੀ ਦੇ ਨਾਂ'ਤੇ ਪ੍ਰਤੀਦਿਨ ਹਰ ਆਉਣ ਵਾਲਾ ਦਿਨ ਦੂਰ ਲੈ ਜਾਣ ਲਈ ਇਕ ਨਵਾਂ ਜਤਨ ਕਰਦਾ ਚਲਾ ਜਾ ਰਿਹਾ ਹੈ ਇਸ ਸਮੇਂ ਇਹ ਇਕ ਅਹਮਦੀ ਦਾ ਹੀ ਕੰਮ ਹੈ ਕਿ ਆਪਣੇ ਰੱਬ ਨਾਲ ਸੰਬੰਧ ਤੇ ਰੱਬ ਦੀ ਮਆਰਫ਼ਤ ਨੂੰ ਹਾਸਲ ਕਰਨ ਦਾ ਜਤਨ ਕਰਨ ਅਤੇ ਹਰ ਆਉਣ ਵਾਲਾ ਦਿਨ ਮਆਰਫ਼ਤ ਵਿੱਚ ਤਰੱਕੀ ਕਰਨ ਵਾਲਾ ਹੋਵੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਇਸ਼ਕ ਤੇ ਪ੍ਰੇਮ ਕੇਵਲ ਜ਼ੁਬਾਨੀ ਤੇ ਮੂੰਹੋਂ ਦਾਵਾ ਨ ਹੋਵੇ, ਉਸ ਦੇ ਕੇਵਲ ਨਾਰੇ ਨ ਲਾਏ ਜਾਣ ਸਗੋਂ ਉਸ ਦੇ ਪ੍ਰੇਮ ਤੇ ਪਿਆਰ ਦਾ ਪ੍ਰਦਰਸ਼ਨ ਆਪ ਦੀ ਜੀਵਨ ਸ਼ੈਲੀ ਨੂੰ ਅਪਣਾਕੇ ਹੋਣਾ ਚਾਹੀਦਾ ਹੈ । ਇਹ ਨਹੀਂ ਕਿ ਨਾਅਰੇ ਤਾਂ ਆਪ ਦੇ ਨਾਂ ਦੇ ਲਾ ਲਏ ਅਤੇ ਫਿਰ ਇਸ ਦੇ ਬਾਦ ਜ਼ੁਲਮ ਵੀ ਆਪ ਦੇ ਨਾਂ 'ਤੇ ਹੋ ਰਿਹਾ ਹੈ ਅੱਜ ਕੱਲ ਮੁਸਲਮਾਨਾ ਦੀ ਇਹੋ ਹਾਲਤ ਹੈ । ਬਹੁਤ ਸਾਰੀਆਂ ਤੰਜ਼ੀਮਾ ਬਣੀਆਂ ਹੋਈਆਂ ਹਨ । ਹੁਕੂਮਤਾਂ ਵੀ ਅਤੇ ਤੰਜ਼ੀਮਾ ਵੀ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਂ 'ਤੇ ਜ਼ੁਲਮ ਕਰ ਰਹੀਆਂ ਹਨ । ਉਹ ਰਹਮਾਤੁਲ ਲਿਲ ਆਲਾਮੀਨ ਜੋ ਸਾਰਿਆਂ

ਯੁਗਾਂ ਲਈ ਰਹਮਤ ਬਣਕੇ ਆਇਆ ਸੀ, ਉਹਨਾਂ ਨੂੰ ਉਹਨਾਂ ਨੇ ਜ਼ੁਲਮ ਦਾ ਨਿਸ਼ਾਨਾ ਆਪਣੇ ਅਮਲਾਂ ਰਾਹੀਂ ਬਣਾ ਦਿਤੱਾ ਹੈ । ਭਾਵੇਂ ਕਿ ਉਹਨਾਂ ਦੀਆਂ ਯੁਕਤੀਆਂ ਸਫਲ ਨਹੀਂ ਹੋ ਸਕਦੀਆਂ, ਇਸ ਲਈ ਇਸ ਜ਼ਮਾਨੇ ਵਿੱਚ ਮਸੀਹ ਮੌਊਦ ਅਲੈਹਿ ਸਲਾਮ ਆਏ ਸਨ ਅਤੇ ਇਹੋ ਅਸੀਂ ਜਤਨ ਕਰਦੇ ਜਾ ਰਹੇ ਹਾਂ ਕਿ ਇਸਲਾਮ ਦਾ ਵਾਸਤਵਿਕ ਸਵਰੂਪ ਦੁਨੀਆ ਸਾਹਮਣੇ ਪੇਸ਼ ਕਰੀਏ ।

ਸੋ, ਸਾਨੂੰ ਇਸ ਵਾਸਤਵਿਕ ਸਵਰੂਪ ਨੂੰ ਪੇਸ਼ ਕਰਨ ਲਈ ਆਪ ਦੇ ਹਰ ਉਸ ਅਖ਼ਲਾਕ ਨੂੰ ਅਪਨਾਉਣ ਦਾ ਜਤਨ ਕਰਨਾ ਚਾਹੀਦਾ ਹੈ । ਕੁਰਆਨ ਕਰੀਮ ਨੂੰ ਆਪਣੇ ਉਪੱਰ ਲਾਗੂ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਹਰ ਸਮੇਂ ਇਸ ਜਤਨ ਵਿੱਚ ਰਹਿਣਾ ਚਾਹੀਦਾ ਹੈ ਕਿ ਸਾਡਾ ਹਰ ਕਰਮ ਚੰਗੇ ਅਮਲਾਂ ਦਾ ਕਰਮ ਹੋਵੇ । ਇਹ ਜਤਨ ਕਰਨਾ ਚਾਹੀਦਾ ਹੈ ਕਿ ਅਸੀਂ ਹਰ ਪਲ ਇਸ ਜਤਨ ਵਿੱਚ ਹੋਈਏ ਕਿ ਅਸੀਂ ਸ਼ੈਤਾਨ ਤੋਂ ਦੂਰ ਹੋਣਾ ਹੈ ਅਤੇ ਰਹਮਾਨ ਰੱਬ ਦੇ ਨੇੜੇ ਹੋਣਾ ਹੈ, ਵਰਨਾ ਜਿਵੇਂ ਕਿ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਗ਼ੈਰ ਵੀ ਨਮਾਜ਼ਾਂ ਪੜ੍ਹਦੇ ਹਨ ਪਰ ਅਧਿਕਤਰ ਉਹਨਾਂ ਦੀਆਂ ਨਮਾਜ਼ਾਂ ਧਰਤੀ ਵਿੱਚ ਹੀ ਰਹਿ ਜਾਂਦੀਆਂ ਹਨ, ਉਹ ਅਰਸ਼ 'ਤੇ ਨਹੀਂ ਜਾਂਦੀਆਂ । ਅਰਸ਼ਾਂ ਦੇ ਰੱਬ ਨੂੰ ਉਹਨਾਂ ਦੀਆਂ ਨਮਾਜ਼ਾਂ ਦੀ ਕੋਈ ਲੋੜ ਨਹੀਂ ਕਿਉਂਕਿ ਉਹਨਾਂ ਵਿੱਚ ਨੇਕੀ ਨਹੀਂ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਨਮਾਜ਼ ਉਸ ਸਮੇਂ ਹਕੀਕੀ ਨਮਾਜ਼ ਅਖਵਾਉਂਦੀ ਹੈ ਜਦੱ ਰੱਬ ਨਾਲ ਸਚੱਾ ਤੇ ਪਾਕ ਸੰਬੰਧ ਹੋਵੇ ਅਤੇ ਰੱਬ ਦੀ ਰਜ਼ਾ ਅਤੇ ਉਸ ਦੀ ਆਗਿਆਕਰੀ ਵਿੱਚ ਐਨ੍ਹਾ ਫ਼ਨਾ ਹੋਵੇ ਅਤੇ ਏਥੋਂ ਤੱਕ ਕਿ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਕਰ ਲਏ ਕਿ ਰੱਬ ਦੇ ਮਾਰਗ ਵਿੱਚ ਜਾਨ ਤੱਕ ਦੇ ਦੇਣ ਅਤੇ ਮਰਨ ਲਈ ਤਿਆਰ ਹੋ ਜਾਵੇ । ਜੱਦ ਇਹ ਹਾਲਤ ਮਨੁੱਖ ਵਿੱਚ ਪੈਦਾ ਹੋ ਜਾਵੇ, ਉਸ ਸਮੇਂ ਕਿਹਾ ਜਾਏਗਾ ਕਿ ਇਸ ਦੀ ਨਮਾਜ਼ ਨਮਾਜ਼ ਹੈ, ਪਰ ਜੱਦ ਤੱਕ ਇਹ ਵਾਸਤਵਿਕਤਾ ਮਨੱੁਖ ਅੰਦਰ ਪੈਦਾ ਨਹੀਂ ਹੁੰਦੀ ਅਤੇ ਸੱਚੀ ਨੇਕੀ ਤੇ ਵਫ਼ਦਾਰੀ ਦਾ ਨਮੂਨਾ ਨਹੀਂ ਦਿਖ਼ਉਂਦਾ ਉਸ ਸਮੇਂ ਤੱਕ ਉਸ ਦੀ ਨਮਾਜ਼ਾਂ ਅਤੇ ਦੂਜੇ ਕਰਮ ਅਜਾਈਂ ਹਨ ।

ਫਿਰ ਇਹ ਵਰਨਣ ਕਰਦਿਆਂ ਹੋਇਆ ਕਿ ਹਕੀਕੀ ਨੇਕੀ ਕੀ ਹੈ ਆਪ ਫ਼ਰਮਾਉਂਦੇ ਹਨ ਕਿ 'ਤਕਵਾ' (ਸੰਜਮਤਾ) ਦੇ ਇਹ ਅਰਥ ਹਨ ਕਿ ਬਦੀ ਦੇ ਸੂਖਮ ਮਾਰਗਾਂ ਤੋਂ ਪਰਹੇਜ਼ ਕਰਨਾ, ਪਰ ਚੇਤੇ ਰੱਖੋਂ ਨੇਕੀ ਐਨ੍ਹੀ ਨਹੀਂ ਹੈ ਕਿ ਇਕ ਵਿਕਤੀ ਕਹੇ ਕਿ ਮੈਂ ਨੇਕ ਹਾਂ ਇਸ ਲਈ ਕਿ ਮੈਂ ਕਿਸੇ ਦਾ ਮਾਲ ਨਹੀਂ ਉਡਾਇਆ, ਡਾਕਾ ਨਹੀਂ ਮਾਰਿਆ, ਚੋਰੀ ਨਹੀਂ ਕਰਦਾ, ਬਦਨਜ਼ਰੀ ਨਹੀਂ ਕਰਦਾ, ਵਿਭਚਾਰ ਨਹੀਂ ਕਰਦਾ । ਫ਼ਰਮਾਉਂਦੇ ਹਨ ਕਿ ਅਜਿਹੀ ਨੇਕੀ ਆਰਫ਼ ਨੇੜੇ ਹਾਸੇ ਯੋਗ ਹੈ ਕਿਉਂਕਿ ਜੇਕਰ ਉਹ ਇਹਨਾਂ ਬਦੀਆਂ ਨੂੰ ਕਰਨ ਵਾਲਾ ਹੋਵੇ, ਚੋਰੀ ਕਰੇ ਡਾਕਾ ਮਾਰੇ ਤਾਂ ਉਹ ਦੰਡ ਪਾਏਗਾ । ਸੋ, ਇਹ ਕੋਈ ਨੇਕੀ ਨਹੀਂ ਹੈ ਕਿ ਜੋ ਇਕ ਆਰਫ਼ ਨੇੜੇ ਉਸ ਦੀ ਦ੍ਰਿਸ਼ਟੀ ਵਿੱਚ ਸਨਮਾਨ ਯੋਗ ਹੋਵੇ ਸਗੋਂ ਅਸਲ ਅਤੇ ਹਕੀਕੀ ਨੇਕੀ ਇਹ ਹੈ ਕਿ ਮਾਨਵਤਾ ਦੀ ਸੇਵਾ ਕਰੇ ਅਤੇ ਰੱਬ ਦੇ ਮਾਰਗ ਵਿੱਚ ਪੂਰਨ ਸਿਦਕ ਤੇ ਵਫ਼ਾਦਾਰੀ ਦਿਖਾਏ ਅਤੇ ਉਸ ਦੇ ਮਾਰਗ ਵਿੱਚ ਜਾਨ ਤੱਕ ਦੇ ਦੇਣ ਨੂੰ ਤਿਆਰ ਹੋਵੇ । ਇਸੇ ਲਈ ਏਥੇ ਫ਼ਰਮਾਇਆ ਹੈ । ({ 129 النحل}(إِنَّ اللَّهَ مَعَ الَّذِينَ اتَّقَوا وَالَّذِينَ هُم مُّحْسِنُونَ)) 'ਇਨੱਲੱਾਹਾ ਮਾਅਲਜ਼ੀ ਨਤੱਾਕੌ ਵਲੱਜ਼ੀਨਾ ਹੁਮ ਮੁਹਸਿਨੂਨ' ਅਰਥਾਤ ਰੱਬ ਉਹਨਾਂ ਨਾਲ ਹੈ ਜੋ ਬਦੀ ਤੋਂ ਪਰਹੇਜ਼ ਕਰਦੇ ਹਨ ਅਤੇ ਨਾਲ ਹੀ ਨੇਕੀਆਂ ਵੀ ਕਰਦੇ ਹਨ । ਇਹ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਨਿਰਾ ਬਦੀ ਤੋਂ ਪਰਹੇਜ਼ ਕਰਨਾ ਕੋਈ ਖ਼ੂਬੀ ਨਹੀਂ ਜੱਦ ਤੱਕ ਉਸ ਦੇ ਨਾਲ ਨੇਕੀਆਂ ਨ ਕਰੇ ।

ਬਹੁਤ ਵੱਡੀਆਂ ਵੱਡੀਆਂ ਬੁਰਾਈਆਂ ਵਿੱਚੋਂ ਇਕ ਬੁਰਾਈ ਤੇ ਪਾਪ, ਝੂਠ ਹੈ ਇਸ ਤੋਂ ਬਚਣ ਲਈ ਧਿਆਨ ਦੁਆਉਂਦਿਆਂ ਹੋਇਆਂ ਇਕ ਮੌਕੇ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਗ਼ੌਰ ਕੀਤਾ ਹੈ, ਕੁਰਆਨ ਕਰੀਮ ਵਿੱਚ ਕਈ ਹਜ਼ਾਰ ਆਦੇਸ਼ ਹਨ ਉਹਨਾਂ ਦੀ ਪਾਬੰਦੀ ਨਹੀਂ ਕੀਤੀ ਜਾਂਦੀ । ਨਿੱਕੀਆਂ ਨਿੱਕੀਆਂ ਜਿਹੀਆਂ ਗਲੱਾਂ ਵਿੱਚ ਖ਼ਿਲਾਫ਼ਵਰਜ਼ੀ ਕਰ ਲਈ ਜਾਂਦੀ ਹੈ, ਏਥੋਂ ਤੱਕ ਦੇਖਿਆ ਜਾਂਦਾ ਹੈ ਕਿ ਕਈ ਝੂਠ ਤਾਂ ਦੁਕਾਨਦਾਰ ਬੋਲਦੇ ਹਨ ਅਤੇ ਕਈ ਮਸਾਲੇਦਾਰ ਝੂਠ ਬੋਲਦੇ ਹਨ ਜੱਦ ਕਿ ਰੱਬ ਨੇ ਇਸ ਨੂੰ 'ਰਿਜਸ' (ਗੰਦਗੀ) ਨਾਲ ਰੱਖਿਆ ਹੈ ਪਰ ਬਹੁਤ ਲੋਕ ਦੇਖੇ ਜਾਂਦੇ ਹਨ ਕਿ ਰੰਗਤ ਚਾੜ੍ਹਕੇ ਹਾਲਾਤ ਵਰਨਣ ਕਰਨ ਤੋਂ ਨਹੀਂ ਰੁਕਦੇ ਅਤੇ ਉਸ ਨੂੰ ਕੋਈ ਪਾਪ ਵੀ ਨਹੀਂ ਸਮਝਦੇ । ਹਾਸੇ ਦੇ ਰੂਪ ਵਿੱਚ ਵੀ ਝੂਠ ਬੋਲਦੇ ਹਨ । ਮਨੁੱਖ 'ਸਿੱਦੀਕ' (ਸਚੱਾ) ਨਹੀਂ ਅਖਵਾ ਸਕਦਾ ਜੱਦ ਤੱਕ ਝੂਠ ਦੇ ਸਾਰਿਆਂ ਪਖਾਂ ਤੋਂ ਪਰਹੇਜ਼ ਨਹੀਂ ਕਰਦਾ ।

ਇਕ ਬਹੁਤ ਹੀ ਉਤੱਮ ਆਚਰਣ 'ਪਰਦਾ ਪੋਸ਼ੀ' ਹੈ ਜੋ ਕੇਵਲ ਆਚਰਣ ਹੀ ਨਹੀਂ ਸਗੋਂ ਇਸ ਤੋਂ ਮਨੁੱਖ ਅਨੇਕਾਂ ਹੀ ਝਗੜਿਆਂ ਤੇ ਫ਼ਸਾਦਾਂ ਤੋਂ ਬਚੱਦਾ ਹੈ ਅਤੇ ਦੁਨੀਆ ਨੂੰ ਵੀ ਬਚਾਉਂਦਾ ਹੈ, ਇਉਂ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਦੇਖਦਾ ਹਾਂ ਕਿ ਜਮਾਤ ਵਿੱਚ ਆਪੋ ਵਿੱਚ ਬਹੁਤ ਵਿਵਾਦ ਹੋ ਜਾਂਦਾ ਹੈ ਅਤੇ ਸਾਧਾਰਣ ਜਿਹੇ ਵਿਵਾਦ ਤੋਂ ਫਿਰ ਇਕ ਦੂਜੇ ਦੇ ਸਨਮਾਨ ਉਪੱਰ ਹਮਲਾ ਕਰਨ ਲਗੱਦੇ ਹਨ । ਰੱਬ ਦਾ ਨਾਂ 'ਸਤੱਾਰ' (ਪਰਦਾ) ਹੈ ਫਿਰ ਇਹ ਕਿਉਂ ਆਪਣੇ ਭਾਈ ਉਪੱਰ ਰਹਿਮ ਨਹੀਂ ਕਰਦਾ ਅਤੇ ਦਰਗੁਜ਼ਰ ਤੇ ਪਰਦਾਪੋਸ਼ੀ ਤੋਂ ਕੰਮ ਨਹੀਂ ਲੈਂਦਾ, ਚਾਹੀਦਾ ਹੈ ਕਿ ਆਪਣੇ ਭਾਈ ਦੀ ਪਰਦਾਪੋਸ਼ੀ ਕਰੇ ਅਤੇ ਉਸ ਦੀ ਇਜ਼ੱਤ ਆਬਰੂ ਉਪੱਰ ਹਮਲਾ ਨ ਕਰੇ, ਫ਼ਰਮਾਉਂਦੇ ਹਨ ਕਿ ਇਕ ਛੋਟੀ ਜਿਹੀ ਕਿਤਾਬ ਵਿੱਚ ਲਿੱਖਿਆ ਦੇਖਿਆ ਹੈ ਕਿ ਇਕ ਬਾਦਸ਼ਾਹ ਕੁਰਆਨ ਲਿੱਖਿਆ ਕਰਦਾ ਸੀ, ਇਕ ਮੁਲੱਾਂ ਨੇ ਕਿਹਾ ਕਿ ਇਹ ਆਇਤ ਗ਼ਲਤ ਲਿੱਖੀ ਹੈ । ਬਾਦਸ਼ਾਹ ਨੇ ਉਸ ਸਮੇਂ ਉਸ ਆਇਤ ਉਪੱਰ ਲੀਕ ਮਾਰ ਦਿੱਤੀ ਕਿ ਇਸ ਨੂੰ ਕੱਟ ਦਿਤੱਾ ਜਾਵੇਗਾ । ਜੱਦ ਉਹ ਚਲਾ ਗਿਆ ਤਾਂ ਉਸ ਲੀਕ ਨੂੰ ਕੱਟ ਦਿਤੱਾ । ਜੱਦ ਬਾਦਸ਼ਾਹ ਨੂੰ ਪੁੱਛਿਆ ਗਿਆ ਕਿ ਅਜਿਹਾ ਕਿਉਂ ਕੀਤਾ ਤਾਂ ਉਸ ਨੇ ਕਿਹਾ ਕਿ ਵਾਸਤਵ ਵਿੱਚ ਉਹ ਗ਼ਲਤੀ ਉਪੱਰ ਸੀ, ਉਹ ਗ਼ਲਤ ਸੀ, ਪਰ ਮੈਂ ਲੀਕ ਮਾਰ ਦਿੱਤੀ ਕਿ ਉਸ ਦੀ ਦਿਲਜੋਈ ਹੋ ਜਾਏ ।

ਇਹ ਬਹੁਤ ਸ਼ੇਖ਼ੀ (ਹੰਕਾਰ) ਦੀ ਜੜ੍ਹ ਤੇ ਰੋਗ ਹੈ ਕਿ ਦੂਜਿਆਂ ਦੀ ਖ਼ਤਾ (ਗਲਤੀ) ਫੜ੍ਹਕੇ ਇਸ਼ਤਿਹਾਰ ਦੇ ਦਿਤੱਾ ਜਾਵੇ । ਅਜਿਹੇ ਕਾਰਜਾਂ ਨਾਲ ਨਫ਼ਸ (ਆਪਾ) ਖ਼ਰਾਬ ਹੋ ਜਾਂਦਾ ਹੈ, ਇਸ ਲਈ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ । ਭਾਵ ਇਹ ਸਾਰੇ ਕਾਰਜ 'ਤਕਵਾ' (ਸੰਜਮਤਾ) ਵਿੱਚ ਆਉਂਦੇ ਹਨ ਅਤੇ ਅੰਦਰੂਨੀ ਤੇ ਬਾਹਰੀ ਕੰਮਾ ਵਿੱਚ ਸੰਜਮਤਾ ਤੋਂ ਕੰਮ ਲੈਂਣ ਵਾਲਾ ਫ਼ਰਿਸ਼ਤਿਆਂ ਵਿੱਚ ਦਾਖ਼ਲ ਕੀਤਾ ਜਾਂਦਾ ਹੈ, ਕਿਉਂਕਿ ਇਸ ਵਿੱਚ ਕੋਈ ਹਉਮੈਂ ਬਾਕੀ ਨਹੀਂ ਰਹਿ ਜਾਂਦਾ । ਫ਼ਰਮਾਉਂਦੇ ਹਨ ਕਿ 'ਤਕਵਾ' (ਸੰਜਮਤਾ) ਹਾਸਲ ਕਰੋ ਕਉਂਕਿ ਤਕਵਾ ਦੇ ਬਾਦ ਹੀ ਰੱਬ ਦੀਆਂ ਬਰਕਤਾਂ ਆਉਂਦੀਆਂ ਹਨ । ਮੁਤੱਕੀ (ਸੰਜਮੀ) ਦੁਨੀਆ ਦੀਆਂ ਬਲਾਵਾਂ ਤੋਂ ਬਚਾਇਆ ਜਾਂਦਾ ਹੈ, ਰੱਬ ਉਹਨਾਂ ਦੀ ਪਰਦਾਪੋਸ਼ੀ ਕਰਨ ਵਾਲਾ ਹੋ ਜਾਂਦਾ ਹੈ । ਫ਼ਰਮਾਉਂਦੇ ਹਨ ਕਿ ਬਹੁਤੇ ਵਿਅਕਤੀਆਂ ਦੀ ਆਦਤ ਹੁੰਦੀ ਹੈ ਕਿ ਉਹ ਆਪਣੇ ਭਾਈਆਂ'ਤੇ ਅਚਨਚੇਤ ਨਾਪਾਕ ਆਰੋਪ ਲਾ ਦਿੰਦੇ ਹਨ, ਇਹਨਾਂ ਗਲੱਾਂ ਤੋਂ ਪਰਹੇਜ਼ ਕਰੋ । ਮਾਨਵਤਾ ਨੂੰ ਲਾਭ ਪਹੁੰਚਾਓ ਅਤੇ ਆਪਣੇ ਭਾਈਆਂ ਨਾਲ ਹਮਦਰਦੀ ਅਤੇ ਗੁਆਂਢੀਆਂ ਨਾਲ ਨੇਕ ਸੁਲੂਕ ਕਰੋ । ਆਪਣੇ ਭਾਈਆਂ ਨਾਲ

ਚੰਗਾ ਵਰਤਾਉ ਕਰੋ ਅਤੇ ਸਭ ਤੋਂ ਪਹਿਲਾਂ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਬਚੋ ਕਿ ਇਹ ਸੰਜਮਤਾ ਦੀ ਮੁਢੱਲੀ ਇੱਟ ਹੈ ।

ਆਪਣੇ ਭਾਈ ਦੀ ਗ਼ਲਤੀ ਨੂੰ ਦੇਖਕੇ ਕੀ ਤਰੀਕਾ ਅਪਨਾਉਣਾ ਚਾਹੀਦਾ ਹੈ, ਉਸ ਦਾ ਹੋਰ ਵਿਸਥਾਰ ਕਰਦਿਆਂ ਹੋਇਆ ਆਪ ਫ਼ਰਮਾਉਂਦੇ ਹਨ ਕਿ : ਮੈਂਨੂੰ ਆਪਣੀ ਜਮਾਤ ਦਾ ਇਹ ਬਹੁਤ ਵਡੱਾ ਦੁੱਖ ਹੈ ਕਿ ਹੁਣ ਤੱਕ ਇਹ ਲੋਕ ਨਿੱਕੀਆਂ ਨਿੱਕੀਆਂ ਜਿਹੀਆਂ ਗਲੱਾਂ'ਤੇ ਚਿੜ੍ਹ ਜਾਂਦੇ ਹਨ । ਸਾਧਾਰਣ ਜਿਹੀ ਸਭਾ ਵਿੱਚ ਕਿਸੇ ਨੂੰ ਮੂਰਖ ਕਹਿ ਦੇਣਾ ਵੀ ਵੱਡੀ ਗ਼ਲਤੀ ਹੈ । ਜੇਕਰ ਆਪਣੇ ਕਿਸੇ ਭਾਈ ਦੀ ਗ਼ਲਤੀ ਨੂੰ ਦੇਖੋ ਤਾਂ ਉਸ ਲਈ ਦੁਆ ਕਰੋ ਕਿ ਰੱਬ ਉਸ ਨੂੰ ਬਚਾ ਲਏ, ਇਹ ਨਹੀਂ ਕਿ ਡੱਢੋਰਾ ਪਿੱਟੋ । ਜੱਦ ਕਿਸੇ ਦਾ ਪੁਤੱਰ ਕੁਰਾਹੀਆ ਹੋਵੇ ਤਾਂ ਉਸ ਨੂੰ ਸਿਰੇ ਤੋਂ ਹੀ ਕੋਈ ਨਸ਼ਟ ਨਹੀਂ ਕਰਦਾ ਸਗੋਂ ਅੰਦਰ ਇਕ ਨੁਕੱਰ ਵਿੱਚ ਸਮਝਾਉਂਦਾ ਹੈ ਕਿ ਇਹ ਕੰਮ ਭੈੜਾ ਹੈ ਇਸ ਤੋਂ ਬਾਜ਼ ਆ ਜਾਓ । ਸੋ, ਜਿਵੇਂ ਮਿਤੱਰਤਾ, ਹਲੀਮੀ ਤੇ ਨਿਮ੍ਰਤਾ ਨਾਲ ਆਪਣੀ ਸੰਤਾਨ ਨਾਲ ਮਾਮਲਾ ਕਰਦੇ ਹੋ, ਉਸੇ ਹੀ ਪ੍ਰਕਾਰ ਭਰਾਵਾਂ ਨਾਲ ਕਰੋ । ਜਿਸ ਦੇ ਅਖ਼ਲਾਕ (ਆਚਰਣ) ਚੰਗੇ ਨਹੀਂ ਹਨ ਮੈਂਨੂੰ ਉਸ ਦੇ ਇਮਾਨ ਦਾ ਖ਼ਤਰਾ ਹੈ ਕਿਉਂਕਿ ਉਸ ਵਿੱਚ ਹੰਕਾਰ ਦੀ ਇਕ ਜੜ੍ਹ ਹੈ ਜੇਕਰ ਰੱਬ ਨ ਰਾਜ਼ੀ ਹੋਵੇ ਤਾਂ ਸੰਭਵਤਾ ਇਹ ਬਰਬਾਦ ਹੋ ਗਿਆ ।

ਤੌਬਾ (ਪ੍ਰਾਸ਼ਚਿਤ) ਕਰਦੇ ਰਹੋ, ਅਸਤਗ਼ਫ਼ਾਰ ਕਰੋ ਦੁਆ ਤੋਂ ਹਰ ਸਮੇਂ ਕੰਮ ਲਓ । ਫ਼ਰਮਾਉਂਦੇ ਹਨ ਕਿ ਸਾਡੇ ਵਿਜੇਈ (ਜੇਤੂ) ਹੋਣ ਦੇ ਹੱਥਿਆਰ ਅਸਤਗ਼ਫ਼ਾਰ, ਤੌਬਾ, ਧਾਰਮਕ ਗਿਆਨ ਦੀ ਜਾਣਕਾਰੀ, ਰੱਬ ਦੀ ਅਜ਼ਮਤ (ਵੱਡਿਆਈ) ਨੂੰ ਸੰਮੁਖ ਰਖੱਣਾ ਅਤੇ ਪੰਜ ਵੇਲੇ ਦੀਆਂ ਨਮਾਜ਼ਾਂ ਪੜ੍ਹਨਾ ਹੈ । ਨਮਾਜ਼ ਦੁਆਵਾਂ ਦੀ ਪਰਵਾਨਗੀ ਦੀ ਕੁੰਜੀ ਹੈ, ਜੱਦ ਨਮਾਜ਼ ਪੜ੍ਹੋ ਤਾਂ ਇਸ ਵਿੱਚ ਦੁਆ ਕਰੋ ਅਤੇ ਗ਼ਫ਼ਲਤ ਨ ਕਰੋ ਅਤੇ ਹਰ ਇਕ ਬਦੀ ਤੋਂ ਭਾਵੇਂ ਉਹ ਇਲਾਹੀ ਹੱਕਾਂ ਬਾਰੇ ਹੋਵੇ, ਭਾਵੇਂ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ, ਪ੍ਰਕ੍ਰਿਤੀ) ਬਾਰੇ ਹੋਵੇ, ਬਚੋ ।

ਰੱਬ ਸਾਨੂੰ ਤੌਫ਼ਕ ਪ੍ਰਦਾਨ ਕਰੇ ਕਿ ਅਸੀਂ ਇਹਨਾਂ ਮਾਪਦੰਡਾਂ (ਮਿਆਰਾਂ) ਨੂੰ ਹਾਸਲ ਕਰਨ ਵਾਲੇ ਹੋਈਏ ਅਤੇ ਆਪ ਦੀ ਬੈਅਤ ਵਿੱਚ ਆਣਕੇ ਆਪ ਦੇ ਪ੍ਰਕਟ ਹੋਣ ਦੇ ਉਦੇਸ਼ ਨੂੰ ਸਮਝਣ ਵਾਲੇ ਅਤੇ ਉਸ ਨੂੰ ਪੂਰਾ ਕਰਨ ਲਈ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਗੁਣਾ ਨੂੰ ਵਰਤਨ ਵਾਲੇ ਹੋਈਏ ਅਤੇ ਦੁਨੀਆ ਨੂੰ ਵੀ ਇਸ ਹਕੀਕਤ ਤੋਂ ਜਾਣੂ ਕਰਾਉਣ ਵਾਲੇ ਹੋਈਏ ।

**Khulasa Khutba Jumma 25.08.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131